# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਐਸ.ਸੀ.ਓ ਨੰ:104-106,ਦੂਜੀ-ਤੀਜੀ ਮੰਜ਼ਿਲ,ਸੈਕਟਰ 34-ਏ,
# ਚੰਡੀਗੜ੍ਹ

## ਵਿਗਿਆਪਨ

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਧੀਨ ਮਿਡ-ਡੇ-ਮੀਲ ਅਧੀਨ ਕੁਝ ਅਸਾਮੀਆਂ ਖਾਲੀ ਪਈਆਂ ਹਨ। ਜਿਨ੍ਹਾਂ ਦਾ ਵੇਰਵਾ ਅਤੇ ਨਿਰਧਾਰਤ ਵਿੱਦਿਅਕ ਯੋਗਤਾ ਦਾ ਵੇਰਵਾ ਹੇਠ ਦਿੱਤਾ ਜਾ ਰਿਹਾ ਹੈ। ਚਾਹਵਾਨ ਉਮੀਦਵਾਰ ਆਪਣੀਆਂ ਅਰਜੀਆਂ ਮਿਡ-ਡੇ-ਮੀਲ (ਐਸ.ਸੀ.ਓ 162-164, ਸੈਕਟਰ 34-ਏ, ਚੰਡੀਗੜ੍ਹ) ਵਿੱਚ ਮਿਤੀ 15/04/2013 ਨੂੰ ਸ਼ਾਮ 5.00 ਵਜੇ ਤੱਕ ਪੁੱਜਦੀਆਂ ਕਰਨ। ਪ੍ਰੋਫਾਰਮਾਂ ਵਿਭਾਗ ਦੀ ਵੈਬਸਾਈਟ **www.ssapunjab.org** ਤੇ ਉਪਲਬਧ ਹੈ।

| ਲੜੀ ਨੰ. | ਅਸਾਮੀ ਦਾ ਨਾਮ ਅਤੇ ਅਸਾਮੀਆਂ ਦੀ ਗਿਣਤੀ | ਖਾਲੀ ਅਸਾਮੀਆਂ ਦਾ ਜਿਲ੍ਹਾਵਾਰ ਵੇਰਵਾ | ਮਾਸਿਕ ਬੱਝਵੀਂ ਤਨਖਾਹ | ਮੁੱਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ |
|---|---|---|---|---|
| 1 | ਮੈਨੇਜਰ ਫੂਡਗ੍ਰੇਨ (ਕੁੱਲ-1) | ਮੁੱਖ ਦਫ਼ਤਰ-1 | 19,000/- ਰੁ. | ਕਲਾਸ-1 ਪੱਧਰ ਦਾ ਸੇਵਾ ਮੁਕਤ ਕੇਂਦਰੀ/ਰਾਜ ਸਰਕਾਰ/ਪੀ.ਐਸ.ਯੂ. ਅਫ਼ਸਰ ਜਿਸ ਨੂੰ ਫੂਡ ਸੈਕਟਰ ਦੇ ਖੇਤਰ ਦਾ ਤਜਰਬਾ ਹੋਵੇ। |
| 2 | ਜਿਲ੍ਹਾ ਮੈਨੇਜਰ (ਕੁਲ-6) | ਫਰੀਦਕੋਟ-1<br>ਫਤਿਹਗੜ੍ਹ ਸਾਹਿਬ-1<br>ਫਿਰੋਜਪੁਰ-1<br>ਮਾਨਸਾ-1<br>ਮੋਗਾ-1<br>ਫਾਜਿਲਕਾ-1 | 19,000/- ਰੁ. | ਕਲਾਸ-1 ਪੱਧਰ ਦਾ ਸੇਵਾ ਮੁਕਤ ਕੇਂਦਰੀ/ਰਾਜ ਸਰਕਾਰ/ਪੀ.ਐਸ.ਯੂ./ ਬੈਂਕ ਅਫਸ਼ਰ ਜਿਸ ਨੂੰ ਫੀਲਡ ਪੱਧਰ ਦਾ ਤਜਰਬਾ ਹੋਵੇ। |
| 3 | ਲੇਖਾਕਾਰ (ਕੁਲ-2) | ਫਾਜਿਲਕਾ-1<br>ਮੁਕਤਸਰ-1 | 14,000/- ਰੁ. | ਬੀ.ਕਾਮ. ਵਿੱਚ ਘੱਟੋ-ਘੱਟ 50% ਅੰਕ ਅਤੇ ਇੱਕ ਸਾਲ ਦਾ ਕੰਪਿਊਟਰ ਕੋਰਸ ਕੀਤਾ ਹੋਵੇ ਅਤੇ ਘੱਟੋ-ਘੱਟ |

- ਉਮੀਦਵਾਰ 500/- ਰੁਪਏ (ਅਨੁਸੂਚਿਤ ਜਾਤੀਆਂ ਦੇ ਕੇਸ ਵਿੱਚ 250/- ਰੁਪਏ) ਦਾ ਨਾਲ ਰਿਫੰਡੇਬਲ ਬੈਂਕ ਡਰਾਫਟ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਬਿਨੈਪੱਤਰ ਦੇ ਨਾਲ ਭੇਜਣਗੇ।
- ਵਿੱਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ/ਸੰਸਥਾਂ ਤੋਂ ਪਾਸ ਹੋਵੇ। ਉਮੀਦਵਾਰ ਨੇ ਵਿਗਿਆਪਨ ਦੀ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ।
- ਚਾਹਵਾਨ ਉਮੀਦਵਾਰ ਆਪਣੇ ਸਾਰੇ ਅਸਲ ਦਸਤਾਵੇਜ ਅਤੇ ਉਨ੍ਹਾਂ ਦੀਆਂ ਤਸ਼ਦੀਕਸ਼ੁਦਾ ਫੋਟੋ ਕਾਪੀਆਂ, ਦੋ ਪਾਸਪੋਰਟ ਸਾਈਜ ਫੋਟੋਆਂ, ਜਾਤੀ ਸਰਟੀਫਿਕੇਟ ਅਤੇ ਪੰਜਾਬ ਡੋਮੇਸਾਈਲ ਦਾ ਸਰਟੀਫਿਕੇਟ ਲਗਾ ਕੇ ਮਿਤੀ 15/04/2013 ਨੂੰ ਸਬੰਧਤ ਜਿਲ੍ਹਿਆਂ ਵਿੱਚ/ਮੁੱਖ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ।
- ਇਨ੍ਹਾਂ ਅਸਾਮੀਆਂ ਲਈ ਰਿਟਾਇਰ ਹੋਏ ਕਰਮਚਾਰੀਆਂ ਦੀ ਉਮਰ ਵਿਗਿਆਪਨ ਦੀ ਮਿਤੀ ਨੂੰ 60 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।
- ਰਿਟਾਇਰਡ ਕਰਮਚਾਰੀਆਂ ਤੋਂ ਇਲਾਵਾ ਦੂਜੇ ਉਮੀਦਵਾਰਾਂ ਲਈ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਗਿਆਪਨ ਦੀ ਮਿਤੀ ਨੂੰ 18 ਤੋਂ 38 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।
- ਉਮੀਦਵਾਰ ਨੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ।
- ਅਸਾਮੀਆਂ ਦੀ ਗਿਣਤੀ ਵੱਧ/ਘੱਟ ਸਕਦੀ ਹੈ।
- ਜਿਹੜਾ ਉਮੀਦਵਾਰ ਇੱਕ ਤੋਂ ਵੱਧ ਅਸਾਮੀ ਲਈ ਅਪਲਾਈ ਕਰਨਾ ਚਾਹੁੰਦਾ ਹੈ ਜਾਂ ਇੱਕ ਤੋਂ ਵੱਧ ਸਟੇਸ਼ਨ ਲਈ ਅਪਲਾਈ ਕਰਨਾ ਚਾਹੁੰਦਾ, ਉਹ ਹਰ ਅਸਾਮੀ/ਸਟੇਸ਼ਨ ਲਈ ਅਲੱਗ-ਅਲੱਗ ਬੇਨਤੀ ਪੱਤਰ ਅਤੇ ਐਪਲੀਕੇਸ਼ਨ ਫੀਸ਼ (ਡਰਾਫਟ ) ਭਰੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟਰ ਡਾਇਰੈਕਟਰ
ਪੰਜਾਬ ਚੰਡੀਗੜ੍ਹ